**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ. ਨਗਰ**
**(ਕੋਆਰਡੀਨੇਸ਼ਨ ਸ਼ਾਖਾ)**

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ)
ਪੰਜਾਬ

ਮੀਮੋ ਨੰ: 15/19-2015 ਕੋ ਸ਼ਾਖਾ (1)/ 184218
ਮਿਤੀ: 28.06.2019

**ਵਿਸ਼ਾ:** **ਪੰਜਾਬ ਸਰਕਾਰ ਦੇ ਪੈਨਸ਼ਨਰਾਂ ਦੇ ਕੋਰਟ ਕੇਸਾਂ ਸਬੰਧੀ ਜੁਆਬ ਦਾਵਾ ਪੇਸ਼ ਕਰਨ ਬਾਰੇ।**

ਹਵਾਲਾ: ਪੰਜਾਬ ਸਰਕਾਰ, ਪੈਨਸ਼ਨਜ਼ ਅਤ ਪੈਨਸ਼ਨਰਾਂ ਦੀ ਭਲਾਈ ਵਿਭਾਗ (ਪੈਨਸ਼ਨ -1 ਸ਼ਾਖਾ) ਦਾ ਪੱਤਰ ਨੰ: 9/4/2018-1ਪੀ1/1061-1066 ਮਿਤੀ 15.05.2019 .

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਨੂੰ ਇੰਨ ਬਿੰਨ ਪਾਲਣਾ ਹਿੱਤ ਭੇਜੀ ਜਾਂਦੀ ਹੈ।

ਨੱਥੀ: ਉਕਤ ਅਨੁਸਾਰ

26.6.19
ਸਹਾਇਕ ਡਾਇਰੈਕਟਰ (ਕੋ.ਸ਼ਾਖਾ)

ਪਿੱਠ.ਅੰ.ਨੰ: ਉਕਤ

ਮਿਤੀ 28.06.2019

1. ਉਤਾਰਾ ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ ਵਿਖੇ ਸਮੂਹ ਅਧਿਕਾਰੀ/ਸ਼ਾਖਾ ਮੁੱਖੀਆਂ ਨੂੰ ਇੰਨ ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ।
2. ਇਹ ਹਦਾਇਤਾ ਵਿਭਾਗ ਦੀ ਵੈਬਸਾਈਟ www.ssapunjab.org ਤੇ ਵੀ ਉਪਲਬੱਧ ਹਨ

26.6.19
ਸਹਾਇਕ ਡਾਇਰੈਕਟਰ (ਕੋ.ਸ਼ਾਖਾ)

ਨੰ: 9/4/2018-1ਪੀ1/1061-1066

ਪੰਜਾਬ ਸਰਕਾਰ
ਪੈਨਸ਼ਨਜ਼ ਅਤੇ ਪੈਨਸ਼ਨਰਾਂ ਦੀ ਭਲਾਈ ਵਿਭਾਗ
ਪਲਾਟ ਨੰ:2-ਬੀ, ਪੰਜਵੀ ਮੰਜਿਲ, ਵਿੱਤ ਤੇ ਯੋਜਨਾ ਭਵਨ,
ਸੈਕਟਰ-33-ਏ, ਚੰਡੀਗੜ੍ਹ
(ਪੈਨਸ਼ਨ-1 ਸਾਖਾ)

ਮਿਤੀ: 15/5/19.

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ ਡਵੀਜ਼ਨਾਂ ਦੇ ਕਮਿਸ਼ਨਰਜ਼,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਜਿਲ੍ਹਾਂ ਅਤੇ ਸੈਸ਼ਨ ਜੱਜ ਅਤੇ ਅਤੇ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ਼।

ਵਿਸ਼ਾ:- ਪੰਜਾਬ ਸਰਕਾਰ ਦੇ ਪੈਨਸ਼ਨਰਾਂ ਦੇ ਕੋਰਟ ਕੇਸਾਂ ਸਬੰਧੀ ਜੁਆਬ ਦਾਵਾ ਪੇਸ਼ ਕਰਨ ਬਾਰੇ।

******

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸੇ ਤੇ ਆਪ ਜੀ ਦਾ ਧਿਆਨ ਇਸ ਵਿਭਾਗ ਦੇ ਪੱਤਰ ਨੰ: 13/209/2000-3ਪੀ2/2538 ਮਿਤੀ 27/6/2000 ਵੱਲ ਦਿਵਾਉਣ ਅਤੇ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਇਹਨਾਂ ਹਦਾਇਤਾਂ ਵਿੱਚ ਇਹ ਦਰਸਾਇਆ ਗਿਆ ਸੀ ਕਿ ਪੰਜਾਬ ਸਰਕਾਰ ਦੇ ਰਿਟਾਇਰਡ ਕਰਮਚਾਰੀਆਂ/ਅਧਿਕਾਰੀਆਂ ਵਲੋ ਪੈਨਸ਼ਨਾਂ ਸਬੰਧੀ ਮਾਮਲਿਆ ਵਿੱਚ ਦਾਇਰ ਕੀਤੇ ਕੋਰਟ ਕੇਸਾਂ ਵਿੱਚ ਕਈ ਵਾਰੀ ਡਾਇਰੈਕਟਰ/ ਸਕੱਤਰ ਪੈਨਸ਼ਨਾਂ ਅਤੇ ਪੈਨਸ਼ਨਰਾਂ ਦੀ ਭਲਾਈ ਨੂੰ ਵੀ ਪਾਰਟੀ ਬਣਾ ਦਿੱਤਾ ਜਾਂਦਾ ਹੈ ਜਦੋ ਕਿ ਇਸ ਡਾਇਰੈਕਟੋਰੇਟ/ਵਿਭਾਗ ਪਾਸ ਕਿਸੇ ਵੀ ਕਰਮਚਾਰੀ/ਅਧਿਕਾਰੀ ਦਾ ਕੋਈ ਵੀ ਸੇਵਾ ਸਬੰਧੀ ਰਿਕਾਰਡ ਨਹੀ ਹੁੰਦਾ, ਜਿਸ ਕਰਕੇ ਇਹ ਡਾਇਰੈਕਟੋਰੇਟ/ਵਿਭਾਗ ਕਿਸੇ ਵੀ ਕੋਰਟ ਕੇਸ ਵਿੱਚ ਆਪਣੇ ਪੱਧਰ ਤੇ ਜਵਾਬ ਦਾਅਵਾ ਦਾਇਰ ਕਰਨ ਤੋ ਅਸਮਰਥ ਹੁੰਦਾ ਹੈ। ਇਹ ਡਾਇਰੈਕਟੋਰੇਟ/ਵਿਭਾਗ ਤਾਂ ਵੱਖ ਵੱਖ ਵਿਭਾਗਾਂ ਤੋ ਰਿਟਾਇਰ ਹੋਏ ਕਰਮਚਾਰੀਆਂ/ਅਧਿਕਾਰੀਆਂ ਦੇ ਪੈਨਸ਼ਨ ਕੇਸਾਂ ਅਤੇ ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਦੇ ਰਿਵਿਊ ਦਾ ਹੀ ਕੰਮ ਕਰਦਾ ਹੈ। ਪੈਨਸ਼ਨ ਸਬੰਧੀ ਮਾਮਲਿਆ ਤੇ ਸਾਰੀ ਕਾਰਵਾਈ ਕਰਨ ਦੀ ਜਿੰਮੇਵਾਰੀ ਸਬੰਧਤ ਵਿਭਾਗ/ਦਫਤਰੀ ਮੁੱਖੀ ਦੀ ਹੁੰਦੀ ਹੈ, ਜਿਸ ਪਾਸ ਰਿਟਾਇਰ ਹੋਏ ਕਰਮਚਾਰੀ ਦਾ ਸਾਰਾ ਸੇਵਾ ਰਿਕਾਰਡ ਉਪਲਬਧ ਹੁੰਦਾ ਹੈ। ਇਸ ਕਰਕੇ ਅਜਿਹੇ ਕੇਸਾਂ ਵਿੱਚ ਆਪ ਦੇ ਵਿਭਾਗ/ਦਫਤਰ ਵਲੋ ਇਸ ਡਾਇਰੈਕਟੋਰੇਟ/ਵਿਭਾਗ ਦੇ ਬੀਹਾਫ ਤੇ ਵੀ ਕੋਰਟ ਵਿੱਚ ਜਵਾਬਦਾਵਾ ਦਾਇਰ ਕਰਨਾ ਯਕੀਨੀ ਬਣਾਇਆ ਜਾਵੇ।

2. ਇਹ ਹਦਾਇਤਾਂ ਹੋਣ ਦੇ ਬਾਵਜੂਦ ਵੀ ਇਹ ਵੇਖਣ ਵਿੱਚ ਆਇਆ ਹੈ ਕਿ ਵਿਭਾਗਾਂ ਵਲੋ ਇਸ ਤਰ੍ਹਾਂ ਦੇ ਕੋਰਟ ਕੇਸਾਂ ਨੂੰ ਸੰਜੀਦਗੀ ਨਾਲ ਨਹੀ ਲਿਆ ਜਾਂਦਾ। ਇਸ ਲਈ ਇਸ ਵਿਭਾਗ ਵਲੋ ਮਿਤੀ 27/6/2000 ਨੂੰ ਜਾਰੀ ਹਦਾਇਤਾਂ ਨੂੰ ਮੁੜ ਦੁਹਰਾਇਆ ਜਾਂਦਾ ਹੈ ਕਿ ਰਿਕਾਰਡ ਅਨੁਸਾਰ ਜਵਾਬਦਾਵਾ ਫਾਈਲ ਕਰਦੇ ਸਮੇ ਇਸ ਵਿਭਾਗ ਦਾ ਪੱਖ ਵੀ ਉਸ ਵਿੱਚ ਸਾਮਲ ਕੀਤਾ ਜਾਵੇ। ਜਿਥੇ ਕਿਤੇ ਮਾਨਯੋਗ ਅਦਾਲਤ ਵਲੋ

ਆਦੇਸ਼ ਕੀਤੇ ਜਾਣਗੇ ਜਾਂ ਇਸ ਵਿਭਾਗ ਨੂੰ ਲੋੜ ਮਹਿਸੂਸ ਹੋਵੇਗੀ, ਉਥੇ ਕਿਸੇ ਕਾਨੂੰਨੀ ਅੜਚਣ ਤੋਂ ਬਚਣ ਲਈ ਮਾਨਯੋਗ ਅਦਾਲਤ ਵਿੱਚ ਇਸ ਵਿਭਾਗ ਵਲੋ ਸ਼ਾਰਟ ਐਫੀਡੇਵਿਟ ਫਾਈਲ ਕਰ ਦਿੱਤਾ ਜਾਇਆ ਕਰੇਗਾ, ਜਿਸ ਦੀ ਕਾਪੀ ਸਬੰਧਤ ਵਿਭਾਗਾਂ/ਦਫਤਰਾਂ ਦੇ ਮੁੱਖੀਆਂ ਨੂੰ ਭੇਜ ਦਿੱਤੀ ਜਾਇਆ ਕਰੇਗੀ।

3. ਆਪ ਜੀ ਨੂੰ ਫਿਰ ਬੇਨਤੀ ਕੀਤੀ ਜਾਂਦੀ ਹੈ ਕਿ ਪੈਨਸ਼ਨਰਾਂ ਦੇ ਅਜਿਹੇ ਅਦਾਲਤੀ ਕੇਸਾਂ, ਜਿਨ੍ਹਾਂ ਵਿੱਚ ਇਸ ਵਿਭਾਗ ਭਾਵ ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ ਵਿਭਾਗ ਨੂੰ ਵੀ ਪਾਰਟੀ ਬਣਾ ਦਿੱਤਾ ਜਾਂਦਾ ਹੈ , ਵਿੱਚ ਇਸ ਵਿਭਾਗ ਦੇ ਬੀਹਾਫ ਤੇ ਵੀ ਮਾਨਯੋਗ ਅਦਾਲਤ ਵਿੱਚ ਜਵਾਬਦਾਵਾ ਫਾਈਲ ਕੀਤਾ ਜਾਵੇ, ਇਸ ਦੀ ਪੈਰਵੀ ਕਰਨੀ ਯਕੀਨੀ ਬਣਾਈ ਜਾਵੇ ਅਤੇ ਸਮੇਂ ਸਮੇਂ ਤੇ ਮਾਨਯੋਗ ਅਦਾਲਤ ਵਿੱਚ ਹੋਈ ਕਾਰਵਾਈ ਦੀ ਤਾਜਾ ਸਥਿਤੀ ਬਾਰੇ ਇਸ ਵਿਭਾਗ ਨੂੰ ਜਾਣੂ ਕਰਵਾਉਣ ਦੀ ਖੇਚਲ ਕੀਤੀ ਜਾਵੇ।

ਵਿਸ਼ਵਾਸਪਾਤਰ

ਡਾਇਰੈਕਟਰ 15/5/19

ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ ਵਿਭਾਗ

ਇਸ ਦਾ ਇਕ ਉਤਾਰਾ ਪੰਜਾਬ ਸਰਕਾਰ ਦੇ ਸਮੂਹ ਵਧੀਕ ਮੁੱਖ ਸਕੱਤਰ,ਵਿੱਤੀ ਕਮਿਸ਼ਨਰਾਂ,ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ

ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ ਵਿਭਾਗ

ਸੇਵਾ ਵਿਖੇ

ਪੰਜਾਬ ਸਰਕਾਰ ਦੇ ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰਜ,
ਪ੍ਰਮੁੱਖ ਸਕੱਤਰ, ਪ੍ਰਬੰਧਕੀ ਸੱਕਤਰ।

ਅੰ:ਵਿ:ਪੱਤਰ ਨੰ; 9/4/2018-1ਪੀ1/1067 ਮਿਤੀ, ਚੰਡੀਗੜ੍ਹ: 15/5/19.

ਅੰਦਰੂਨੀ ਵੰਡ:-

1. ਸੁਪਰਡੰਟ ਪੈਨਸ਼ਨ-2 ਸ਼ਾਖਾ, 2ਪੀ1,3ਪੀ1,1ਪੀ2,2ਪੀ2,3ਪੀ2